# ਕਿਸੇ ਨਵਜੰਮੇ ਬੱਚੇ ਜਾਂ ਹਾਲ ਹੀ ਵਿੱਚ ਗੋਦ ਲਏ ਬੱਚੇ ਦੀ ਦੇਖਭਾਲ ਕਰਨ ਲਈ ਮਾਪਿਆਂ ਵਾਸਤੇ ਸਹਾਇਤਾ

ਜੇ ਤੁਸੀਂ ਕਿਸੇ ਨਵਜੰਮੇ ਬੱਚੇ ਜਾਂ ਹਾਲ ਹੀ ਵਿੱਚ ਗੋਦ ਲਏ ਬੱਚੇ ਦੀ ਦੇਖਭਾਲ ਕਰਨ ਲਈ ਕੰਮ ਤੋਂ ਛੁੱਟੀ ਲੈ ਰਹੇ ਮਾਪੇ ਹੋ ਤਾਂ ਅਸੀਂ ਮਦਦ ਕਰ ਸਕਦੇ ਹਾਂ।

## ਤੁਸੀਂ ਕੀ ਪ੍ਰਾਪਤ ਕਰ ਸਕਦੇ ਹੋ

ਜਿਸ ਤਰੀਕ ਨੂੰ ਤੁਹਾਡੇ ਬੱਚੇ ਦਾ ਜਨਮ ਹੋਇਆ ਸੀ ਜਾਂ ਉਸ ਨੂੰ ਗੋਦ ਲਿਆ ਗਿਆ ਸੀ, ਉਹ ਇਸ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਤੁਸੀਂ ਕਿਹੜੇ ਭੁਗਤਾਨ ਪ੍ਰਾਪਤ ਕਰ ਸਕਦੇ ਹੋ। ਜੇ ਉਹ 1 ਜੁਲਾਈ 2023 ਤੋਂ ਪਹਿਲਾਂ ਪੈਦਾ ਹੋਏ ਸਨ ਜਾਂ ਗੋਦ ਲਏ ਗਏ ਸਨ, ਤਾਂ ਤੁਹਾਡੇ ਪਰਿਵਾਰ ਨੂੰ ਇਹ ਦੋਵੇਂ ਮਿਲ ਸਕਦੇ ਹਨ:

- 90 ਦਿਨਾਂ ਤੱਕ Parental Leave Pay, ਜਾਂ 5 ਦਿਨ ਦੇ ਕੰਮ ਦੇ ਹਫ਼ਤੇ ਦੇ ਆਧਾਰ 'ਤੇ 18 ਹਫ਼ਤਿਆਂ ਵਾਸਤੇ ਤਨਖ਼ਾਹ
- 10 ਦਿਨਾਂ, ਜਾਂ 2 ਹਫ਼ਤਿਆਂ ਤੱਕ ਦੀ Dad and Partner Pay।

ਜੇ ਤੁਹਾਡਾ ਬੱਚਾ 1 ਜੁਲਾਈ 2023 ਤੋਂ ਬਾਅਦ ਪੈਦਾ ਹੁੰਦਾ ਹੈ ਜਾਂ ਗੋਦ ਲਿਆ ਜਾਂਦਾ ਹੈ, ਤਾਂ ਤੁਹਾਡੇ ਪਰਿਵਾਰ ਨੂੰ 100 ਦਿਨਾਂ ਤੱਕ, ਜਾਂ 20 ਹਫ਼ਤਿਆਂ ਦੀ Parental Leave Pay ਮਿਲ ਸਕਦੀ ਹੈ। 1 ਜੁਲਾਈ 2023 ਤੋਂ ਬਾਅਦ ਪੈਦਾ ਹੋਏ ਜਾਂ ਗੋਦ ਲਏ ਗਏ ਬੱਚਿਆਂ ਵਾਸਤੇ Dad and Partner Pay ਨਹੀਂ ਦਿੱਤੀ ਜਾਂਦੀ।

Parental Leave Pay ਅਤੇ Dad and Partner Pay ਦਾ ਭੁਗਤਾਨ ਕੌਮੀ ਘੱਟੋ ਘੱਟ ਤਨਖ਼ਾਹ ਦੀ ਦਰ ਨਾਲ ਕੀਤਾ ਜਾਂਦਾ ਹੈ।

## Parental Leave Pay ਜੇ ਤੁਹਾਡਾ ਬੱਚਾ 1 ਜੁਲਾਈ 2023 ਤੋਂ ਪਹਿਲਾਂ ਪੈਦਾ ਹੋਇਆ ਸੀ ਜਾਂ ਗੋਦ ਲਿਆ ਗਿਆ ਸੀ

Parental Leave Pay ਵਿੱਚ ਇਹ ਦੋਵੇਂ ਸ਼ਾਮਲ ਹੁੰਦੇ ਹਨ:

- 12 ਹਫ਼ਤਿਆਂ ਤੱਕ ਦੀ ਲਗਾਤਾਰ Paid Parental Leave ਦੀ ਮਿਆਦ ਜੋ ਕਿ 60 ਦਿਨਾਂ ਲਈ ਭੁਗਤਾਨਯੋਗ ਹੈ
- Flexible Paid Parental Leave ਦੇ 30 ਦਿਨ।

Flexible Paid Parental Leave ਦੇ ਦਿਨਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ। ਜੇ ਯੋਗ ਹੈ, ਤਾਂ ਤੁਸੀਂ:

- ਇਹਨਾਂ ਨੂੰ ਆਪਣੀ Paid Parental Leave ਦੀ ਮਿਆਦ ਵਿੱਚ ਸ਼ਾਮਲ ਕਰ ਸਕਦੇ ਹੋ
- ਇਹਨਾਂ ਦੀ ਬਾਅਦ ਦੇ ਕਿਸੇ ਸਮੇਂ ਵਰਤੋਂ ਕਰ ਸਕਦੇ ਹੋ ਜੋ ਤੁਹਾਡੇ ਲਈ ਢੁੱਕਵਾਂ ਹੋਵੇ
- ਇਹਨਾਂ ਨੂੰ ਕਿਸੇ ਦੂਜੇ ਸੰਭਾਲ ਕਰਨ ਵਾਲੇ ਨੂੰ ਦੇ ਦਿਓ ਜਿਵੇਂ ਕਿ ਤੁਹਾਡਾ ਸਾਥੀ/ਸਾਥਣ, ਤਾਂ ਜੋ ਉਹਨਾਂ ਦਿਨਾਂ ਦੀ ਵਰਤੋਂ ਕੀਤੀ ਜਾ ਸਕੇ ਜਦ ਉਹਨਾਂ ਕੋਲ ਬੱਚੇ ਦੀ ਸੰਭਾਲ ਹੁੰਦੀ ਹੈ।

ਜੇ ਤੁਸੀਂ ਬਾਅਦ ਵਿੱਚ ਆਪਣੇ ਦਿਨਾਂ ਦੀ ਵਰਤੋਂ ਕਰਨ ਦੀ ਚੋਣ ਕਰਦੇ ਹੋ, ਤਾਂ ਤੁਸੀਂ ਇਹਨਾਂ ਦੀ ਵਰਤੋਂ ਆਪਣੇ ਰੁਜ਼ਗਾਰਦਾਤੇ ਕੋਲੋਂ ਤਨਖਾਹ ਸਮੇਤ ਜਾਂ ਬਿਨਾਂ ਤਨਖਾਹ ਛੁੱਟੀ ਵਾਲੇ ਸਮੇਂ ਤੋਂ ਪਹਿਲਾਂ, ਬਾਅਦ ਵਿੱਚ ਜਾਂ ਇਸ ਦੇ ਦੌਰਾਨ ਕਰ ਸਕਦੇ ਹੋ। ਤੁਸੀਂ Flexible Paid Parental Leave ਦੇ ਦਿਨਾਂ ਦੀ ਵਰਤੋਂ ਇਕ ਸਮੇਂ 'ਤੇ ਇਕ ਦਿਨ ਜਾਂ ਲਗਾਤਾਰ ਕਈ ਦਿਨਾਂ ਲਈ ਕਰ ਸਕਦੇ ਹੋ।

ਤੁਹਾਡੀ Paid Parental Leave ਦੀ ਮਿਆਦ ਦਾ ਭੁਗਤਾਨ ਤੁਹਾਡੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੇ 1 ਸਾਲ ਦੇ ਅੰਦਰ ਕੀਤਾ ਜਾ ਸਕਦਾ ਹੈ। ਆਪਣੀ ਸਾਰੀ Paid Parental Leave ਦੀ ਮਿਆਦ ਪ੍ਰਾਪਤ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੇ 40 ਹਫ਼ਤਿਆਂ ਦੇ ਅੰਦਰ ਦਾਅਵਾ ਕਰਨਾ ਚਾਹੀਦਾ ਹੈ। Flexible Paid Parental Leave ਦਾ ਭੁਗਤਾਨ ਤੁਹਾਡੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੇ 2 ਸਾਲਾਂ ਦੇ ਅੰਦਰ ਕੀਤਾ ਜਾ ਸਕਦਾ ਹੈ।

## 1 ਜੁਲਾਈ 2023 ਤੋਂ ਪਹਿਲਾਂ ਪੈਦਾ ਹੋਏ ਜਾਂ ਗੋਦ ਲਏ ਗਏ ਬੱਚਿਆਂ ਲਈ Parental Leave Pay ਕੌਣ ਪ੍ਰਾਪਤ ਕਰ ਸਕਦਾ ਹੈ

ਤੁਸੀਂ Parental Leave Pay ਪ੍ਰਾਪਤ ਕਰ ਸਕਦੇ ਹੋ ਜੇ:

- ਕਿਸੇ ਨਵਜੰਮੇ ਬੱਚੇ ਜਾਂ ਨਵੇਂ ਗੋਦ ਲਏ ਗਏ ਬੱਚੇ ਦੇ ਮੁੱਢਲੇ ਦੇਖਭਾਲ ਕਰਨ ਵਾਲੇ ਹੋ
- ਆਮਦਨ ਟੈਸਟ ਨੂੰ ਪੂਰਾ ਕਰਦੇ ਹੋ
- ਕੰਮ ਦੇ ਟੈਸਟ ਨੂੰ ਪੂਰਾ ਕਰਦੇ ਹੋ
- ਨਿਵਾਸ ਦੇ ਨਿਯਮਾਂ ਦੀ ਪੂਰਤੀ ਕਰਦੇ ਹੋ।

ਜੇ ਤੁਸੀਂ ਕੰਮ ਦੇ ਟੈਸਟ ਦੀ ਪੂਰਤੀ ਨਹੀਂ ਕਰਦੇ, ਤਾਂ ਕੁਝ ਵਿਸ਼ੇਸ਼ ਹਾਲਾਤਾਂ ਵਿੱਚ ਅਸੀਂ ਕੰਮ ਦੇ ਵੱਖਰੇ ਟੈਸਟ ਨੂੰ ਮਨਜ਼ੂਰ ਕਰ ਸਕਦੇ ਹਾਂ।

ਜੇ ਤੁਹਾਡੇ ਕੋਲ ਕੋਈ ਨਵ-ਜੰਮਿਆ ਬੱਚਾ ਹੈ, ਤਾਂ ਤੁਹਾਡੇ ਵਾਸਤੇ ਉਹਨਾਂ ਦੇ ਜਨਮ ਨੂੰ ਆਪਣੇ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਦੀ ਜਨਮ ਰਜਿਸਟਰੀ ਕੋਲ ਪੰਜੀਕਰਨ ਕੀਤਾ ਹੋਣਾ ਲਾਜ਼ਮੀ ਹੈ ਜਾਂ ਪੰਜੀਕਿਰਤ ਕਰਨ ਲਈ ਅਰਜ਼ੀ ਦਿੱਤੀ ਹੋਣੀ ਚਾਹੀਦੀ ਹੈ।

ਜਿਸ ਤਰੀਕ ਤੋਂ ਲੈਕੇ ਤੁਹਾਡੇ ਬੱਚੇ ਦਾ ਜਨਮ ਹੋਇਆ ਸੀ ਜਾਂ ਉਸ ਨੂੰ ਗੋਦ ਲਿਆ ਗਿਆ ਸੀ, ਉਸ ਤਰੀਕ ਤੋਂ ਲੈਕੇ ਤੁਹਾਡੀ Paid Parental Leave period ਦੀ ਮਿਆਦ ਦੇ ਅੰਤ ਤੱਕ ਤੁਸੀਂ ਲਾਜ਼ਮੀ ਤੌਰ 'ਤੇ ਛੁੱਟੀ 'ਤੇ ਹੋਵੋਗੇ ਜਾਂ ਕੰਮ ਨਹੀਂ ਕਰ ਰਹੇ ਹੋਣੇ ਚਾਹੀਦੇ। ਕੁਝ ਮਾਮਲਿਆਂ ਵਿੱਚ ਤੁਹਾਨੂੰ ਅਜੇ ਵੀ Parental Leave Pay ਮਿਲ ਸਕਦੀ ਹੈ ਭਾਵੇਂ ਤੁਸੀਂ ਕੰਮ 'ਤੇ ਵਾਪਸ ਆਉਂਦੇ ਹੋ ਜਾਂ ਕੰਮ ਕਰ ਰਹੇ ਹੋ। ਇਸ ਦੀ ਆਗਿਆ ਕੇਵਲ ਕੁਝ ਕੁ ਕਾਰਨਾਂ ਕਰਕੇ ਹੀ ਦਿੱਤੀ ਜਾਂਦੀ ਹੈ।

ਜੇ ਤੁਸੀਂ ਅਤੇ ਤੁਹਾਡਾ ਰੁਜ਼ਗਾਰਦਾਤਾ ਸਹਿਮਤ ਹੋ ਜਾਂਦੇ ਹੋ, ਤਾਂ ਤੁਸੀਂ ਆਪਣੀ Parental Leave Pay ਨੂੰ ਗੁਆਏ ਬਗੈਰ ਆਪਣੇ ਕੰਮ ਵਾਲੀ ਜਗ੍ਹਾ ਦੇ ਸੰਪਰਕ ਵਿੱਚ ਰਹਿ ਸਕਦੇ ਹੋ। ਇਹ ਉਹਨਾਂ ਚੀਜ਼ਾਂ ਵਾਸਤੇ ਹੋ ਸਕਦਾ ਹੈ ਜਿਵੇਂ ਕਿ ਕਿਸੇ ਮੀਟਿੰਗ ਵਿੱਚ ਹਾਜ਼ਰ ਹੋਣਾ ਜਾਂ ਆਪਣੇ ਹੁਨਰਾਂ ਨੂੰ ਨਵਿਆਉਣਾ। ਤੁਸੀਂ keeping in touch ਵਾਲੇ 10 ਦਿਨਾਂ ਤੱਕ ਪਹੁੰਚ ਕਰ ਸਕਦੇ ਹੋ। keeping in touch ਵਾਲੇ ਦਿਨਾਂ ਬਾਰੇ ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/parentalleavepay** 'ਤੇ ਜਾਓ।

ਜੇ ਤੁਸੀਂ ਸਵੈ-ਰੁਜ਼ਗਾਰੀ ਹੋ, ਤਾਂ ਇਹ ਯਕੀਨੀ ਬਨਾਉਣ ਲਈ ਆਪਣੇ ਕਾਰੋਬਾਰ ਦੀ ਜਾਂਚ ਕਰਨ ਲਈ ਕਿ ਇਹ ਚਾਲੂ ਹਾਲਤ ਵਿੱਚ ਰਹਿੰਦਾ ਹੈ ਤੁਸੀਂ ਕਦੇ-ਕਦਾਈਂ ਕੰਮ ਕਰ ਸਕਦੇ ਹੋ। ਤੁਸੀਂ ਅਜਿਹਾ Parental Leave Pay ਵਾਸਤੇ ਆਪਣੀ ਹੱਕਦਾਰੀ ਨੂੰ ਗੁਆਏ ਬਗ਼ੈਰ ਕਰ ਸਕਦੇ ਹੋ। ਉਦਾਹਰਨ ਲਈ, ਤੁਸੀਂ ਹੇਠ ਲਿਖਿਆਂ ਵਿੱਚੋਂ ਕੁਝ ਵੀ ਕਰ ਸਕਦੇ ਹੋ:

- ਬਿੱਲਾਂ ਦਾ ਭੁਗਤਾਨ ਕਰਨਾ

- ਆਰਡਰ ਦੀ ਡਿਲੀਵਰੀ ਦੀ ਜਾਂਚ ਕਰਨਾ
- ਕਾਰੋਬਾਰੀ ਖਾਤਿਆਂ ਨੂੰ ਮਨਜ਼ੂਰ ਕਰਨਾ
- ਵਿਸ਼ੇਸ਼ ਵਿਵਾਦਾਂ ਨਾਲ ਨਿਪਟਣਾ
- ਮੁਰੰਮਤ ਦਾ ਬੰਦੋਬਸਤ ਕਰਨਾ
- ਤੁਹਾਡੀ ਗੈਰ-ਹਾਜ਼ਰੀ ਦਾ ਪ੍ਰਬੰਧ ਕਰਨ ਲਈ ਬਦਲਵੇਂ ਕਰਮਚਾਰੀਆਂ ਦਾ ਪ੍ਰਬੰਧ ਕਰਨਾ
- ਗਾਹਕਾਂ ਦੇ ਨਾਲ ਸੰਪਰਕ ਦਾ ਮੁੱਢਲਾ ਪੱਧਰ ਬਣਾਈ ਰੱਖਣਾ
- ਆਪਣੇ ਪੇਸ਼ੇਵਰ ਹੁਨਰਾਂ ਨੂੰ ਨਵੀਨਤਮ ਰੱਖਣਾ।

## Parental Leave Pay ਜੇ ਤੁਹਾਡਾ ਬੱਚਾ 1 ਜੁਲਾਈ 2023 ਤੋਂ ਬਾਅਦ ਪੈਦਾ ਹੋਇਆ ਸੀ ਜਾਂ ਗੋਦ ਲਿਆ ਗਿਆ ਸੀ

ਤੁਹਾਡਾ ਪਰਿਵਾਰ 100 ਦਿਨਾਂ ਤੱਕ ਦੀ Parental Leave Pay ਪ੍ਰਾਪਤ ਕਰ ਸਕਦਾ ਹੈ। ਇਹ 5 ਦਿਨਾਂ ਦੇ ਕੰਮ ਵਾਲੇ ਹਫ਼ਤੇ ਦੇ ਆਧਾਰ 'ਤੇ 20 ਹਫ਼ਤਿਆਂ ਦੇ ਬਰਾਬਰ ਹੈ। ਜੇਕਰ ਤੁਹਾਡਾ ਕੋਈ ਸਾਥੀ ਹੈ, ਤਾਂ Parental Leave Pay ਦਾ ਕੁਝ ਹਿੱਸਾ ਉਨ੍ਹਾਂ ਦੁਆਰਾ ਵਰਤਿਆ ਜਾ ਸਕਦਾ ਹੈ। ਜੋੜੇ ਵਿੱਚ ਇਕ ਮਾਪਾ ਵੱਧ ਤੋਂ ਵੱਧ 90 ਦਿਨਾਂ ਦੀ ਵਰਤੋਂ ਕਰ ਸਕਦਾ ਹੈ। ਇਹ ਤਾਂ ਵੀ ਹੁੰਦਾ ਹੈ ਜੇਕਰ ਦੂਸਰਾ ਮਾਪਾ Parental Leave Pay ਪ੍ਰਾਪਤ ਕਰਨ ਦੇ ਯੋਗ ਨਹੀਂ ਹੁੰਦਾ।

ਜੇਕਰ ਤੁਸੀਂ ਇਕੱਲੇ ਮਾਪੇ ਹੋ, ਤਾਂ ਤੁਸੀਂ Parental Leave Pay ਦੇ ਪੂਰੇ 100 ਦਿਨਾਂ ਦਾ ਭੁਗਤਾਨ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਚੋਣ ਕਰਦੇ ਹੋ, ਤਾਂ ਤੁਸੀਂ Parental Leave Pay ਕਿਸੇ ਹੋਰ ਮਾਪੇ ਨਾਲ ਸਾਂਝੀ ਕਰ ਸਕਦੇ ਹੋ।

### 1 ਜੁਲਾਈ 2023 ਤੋਂ ਬਾਅਦ ਪੈਦਾ ਹੋਏ ਜਾਂ ਗੋਦ ਲਏ ਗਏ ਬੱਚਿਆਂ ਲਈ Parental Leave Pay ਕੌਣ ਪ੍ਰਾਪਤ ਕਰ ਸਕਦਾ ਹੈ

Parental Leave Pay ਪ੍ਰਾਪਤ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਨਵਜੰਮੇ ਬੱਚੇ ਜਾਂ ਗੋਦ ਲਏ ਬੱਚੇ ਦੀ ਦੇਖਭਾਲ ਕਰਦੇ ਹੋਣਾ ਚਾਹੀਦਾ ਹੈ ਅਤੇ ਹੇਠ ਲਿਖਿਆਂ ਵਿੱਚੋਂ ਇਕ ਹੋਣਾ ਚਾਹੀਦਾ ਹੈ:

- ਨਵਜੰਮੇ ਬੱਚੇ ਦੀ ਜਨਮ ਦੇਣ ਵਾਲੀ ਮਾਂ
- ਜਨਮ ਦੇਣ ਵਾਲੀ ਮਾਂ ਦਾ ਸਾਥੀ/ਸਾਥਣ
- ਬੱਚੇ ਦਾ ਜੈਵਿਕ ਪਿਤਾ
- ਬੱਚੇ ਦੇ ਜੈਵਿਕ ਪਿਤਾ ਦਾ ਸਾਥੀ/ਸਾਥਣ
- ਬੱਚੇ ਨੂੰ ਗੋਦ ਲੈਣ ਵਾਲਾ ਮਾਪਾ
- ਗੋਦ ਲੈਣ ਵਾਲੇ ਮਾਪੇ ਦਾ ਸਾਥੀ/ਸਾਥਣ
- ਵਿਸ਼ੇਸ਼ ਹਾਲਾਤਾਂ ਵਿੱਚ ਕਿਸੇ ਬੱਚੇ ਦੀ ਦੇਖਭਾਲ ਕਰਨ ਵਾਲਾ ਵਿਅਕਤੀ, ਜਿਸ ਵਿੱਚ ਕਿਸੇ ਦੂਸਰੇ ਦੀ ਕੁੱਖ (ਸਰੋਗੇਸੀ) ਵਾਲੇ ਇੰਤਜ਼ਾਮ ਤੋਂ ਪੈਦਾ ਹੋਏ ਬੱਚੇ ਦੀ ਦੇਖਭਾਲ ਕਰਨਾ ਵੀ ਸ਼ਾਮਲ ਹੈ।

ਤੁਹਾਨੂੰ ਹੇਠ ਲਿਖੀਆਂ ਸਾਰੀਆਂ ਚੀਜ਼ਾਂ ਦੀ ਪੂਰਤੀ ਕਰਨ ਦੀ ਵੀ ਲੋੜ ਹੈ:

- ਆਮਦਨ ਟੈਸਟ
- ਕੰਮ ਦਾ ਟੈਸਟ
- ਨਿਵਾਸ ਦੇ ਨਿਯਮ।

ਜੇ ਤੁਸੀਂ ਕੰਮ ਦੇ ਟੈਸਟ ਦੀ ਪੂਰਤੀ ਨਹੀਂ ਕਰਦੇ, ਤਾਂ ਕੁਝ ਵਿਸ਼ੇਸ਼ ਹਾਲਾਤਾਂ ਵਿੱਚ ਅਸੀਂ ਕੰਮ ਦੇ ਵੱਖਰੇ ਟੈਸਟ ਨੂੰ ਮਨਜ਼ੂਰ ਕਰ ਸਕਦੇ ਹਾਂ।

ਜੇ ਤੁਹਾਡੇ ਕੋਲ ਕੋਈ ਨਵ-ਜੰਮਿਆ ਬੱਚਾ ਹੈ, ਤਾਂ ਤੁਹਾਡੇ ਵਾਸਤੇ ਉਹਨਾਂ ਦੇ ਜਨਮ ਨੂੰ ਆਪਣੇ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਦੀ ਜਨਮ ਰਜਿਸਟਰੀ ਕੋਲ ਪੰਜੀਕਰਨ ਕੀਤਾ ਹੋਣਾ ਲਾਜ਼ਮੀ ਹੈ ਜਾਂ ਪੰਜੀਕਿਰਤ ਕਰਨ ਲਈ ਅਰਜ਼ੀ ਦਿੱਤੀ ਹੋਣੀ ਚਾਹੀਦੀ ਹੈ।

ਤੁਸੀਂ ਹੇਠ ਲਿਖਿਆਂ ਵਿੱਚੋਂ ਕਿਸੇ ਦੇ ਵੀ ਰੂਪ ਵਿੱਚ ਆਪਣੀ Parental Leave Pay ਪ੍ਰਾਪਤ ਕਰ ਸਕਦੇ ਹੋ:

- ਸਾਰੇ ਦਿਨ ਇੱਕੋ ਵਾਰੀ ਵਿੱਚ
- ਦਿਨਾਂ ਨੂੰ ਥੋੜ੍ਹੇ-ਥੋੜ੍ਹੇ ਕਰ ਕੇ ਲੈਣਾ
- ਇਕੱਲੇ-ਇਕੱਲੇ ਦਿਨ
- ਦਿਨਾਂ ਨੂੰ ਥੋੜ੍ਹੇ-ਥੋੜ੍ਹੇ ਕਰ ਕੇ ਅਤੇ ਇਕੱਲੇ-ਇਕੱਲੇ ਦਿਨਾਂ ਦਾ ਸੁਮੇਲ।

Parental Leave Pay ਪ੍ਰਾਪਤ ਕਰਨ ਲਈ, ਘੱਟੋ ਘੱਟ ਇਕ ਮਾਪੇ ਨੂੰ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੀ ਤਰੀਕ ਦੇ 52 ਹਫ਼ਤਿਆਂ ਦੇ ਅੰਦਰ ਦਾਅਵਾ ਕਰਨ ਦੀ ਲੋੜ ਹੁੰਦੀ ਹੈ। ਦੂਜੇ ਮਾਪੇ ਕੋਲ ਦਾਅਵਾ ਕਰਨ ਲਈ 2 ਸਾਲ ਹਨ। ਜਦ ਤੁਸੀਂ ਦਾਅਵਾ ਕਰਦੇ ਹੋ ਤਾਂ ਤੁਹਾਨੂੰ ਸਾਨੂੰ ਇਹ ਦੱਸਣ ਦੀ ਲੋੜ ਪਵੇਗੀ ਕਿ ਤੁਸੀਂ Parental Leave Pay ਦਾ ਘੱਟੋ ਘੱਟ ਇਕ ਦਿਨ ਕਦੋਂ ਪ੍ਰਾਪਤ ਕਰਨਾ ਚਾਹੁੰਦੇ ਹੋ। ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਸੀਂ ਕਦੋਂ ਆਰਾਮ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਸਨੂੰ ਆਪਣੇ ਬਕਾਏ ਵਿੱਚ ਛੱਡ ਸਕਦੇ ਹੋ। ਫਿਰ ਤੁਸੀਂ ਇਸ ਨੂੰ ਕਿਸੇ ਹੋਰ ਮਾਪੇ ਨਾਲ ਸਾਂਝਾ ਕਰ ਸਕਦੇ ਹੋ ਜਾਂ ਬਾਅਦ ਵਿੱਚ ਇਸ ਦੀ ਵਰਤੋਂ ਕਰ ਸਕਦੇ ਹੋ। ਤੁਹਾਡੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੀ ਤਰੀਕ ਤੋਂ 2 ਸਾਲਾਂ ਦੇ ਅੰਦਰ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਸਾਰੀ Parental Leave Pay ਦੀ ਵਰਤੋਂ ਕਰਨੀ ਚਾਹੀਦੀ ਹੈ।

## ਜੇ ਤੁਸੀਂ ਜਨਮ ਦੇਣ ਵਾਲੀ ਮਾਂ ਜਾਂ ਗੋਦ ਲੈਣ ਵਾਲੇ ਪਹਿਲੇ ਮਾਪੇ ਵਜੋਂ ਦਾਅਵਾ ਕਰਨ ਵਾਲੇ ਨਹੀਂ ਹੋ ਤਾਂ ਨਿਯਮ

ਜਨਮ ਦੇਣ ਵਾਲੀ ਮਾਂ ਜਾਂ ਗੋਦ ਲੈਣ ਵਾਲੇ ਮਾਪੇ, ਜਿਸ ਨੇ ਪਹਿਲਾਂ ਦਾਅਵਾ ਕੀਤਾ ਸੀ, ਨੂੰ ਉਹਨਾਂ Parental Leave Pay ਦੇ ਦਿਨਾਂ ਦੀ ਗਿਣਤੀ ਨੂੰ ਮਨਜ਼ੂਰ ਕਰਨ ਦੀ ਲੋੜ ਹੁੰਦੀ ਹੈ ਜਿੰਨ੍ਹਾਂ ਨੂੰ ਉਹ ਤੁਹਾਡੇ ਨਾਲ ਸਾਂਝਾ ਕਰਦੇ ਹਨ। ਜੇ ਤੁਸੀਂ ਵਿਸ਼ੇਸ਼ ਹਾਲਾਤਾਂ ਵਿੱਚ ਕਿਸੇ ਬੱਚੇ ਦੀ ਦੇਖਭਾਲ ਕਰ ਰਹੇ ਹੋ ਤਾਂ ਇਹ ਲਾਗੂ ਨਹੀਂ ਹੁੰਦਾ।

ਤੁਹਾਨੂੰ ਅਤੇ ਜਨਮ ਦੇਣ ਵਾਲੀ ਮਾਂ ਦੋਨਾਂ ਨੂੰ ਹੀ ਕੰਮ ਦੇ ਟੈਸਟ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਜੇ ਤੁਸੀਂ ਬੱਚੇ ਨੂੰ ਗੋਦ ਲੈਣ ਵਾਲੇ ਮਾਪੇ ਹੋ ਜਾਂ ਜੇ ਤੁਸੀਂ ਵਿਸ਼ੇਸ਼ ਹਾਲਾਤਾਂ ਦੇ ਅਧੀਨ ਬੱਚੇ ਦੀ ਦੇਖਭਾਲ ਕਰ ਰਹੇ ਹੋ ਤਾਂ ਇਹ ਲਾਗੂ ਨਹੀਂ ਹੁੰਦਾ।

## ਤੁਸੀਂ ਕਦੋਂ Parental Leave Pay ਪ੍ਰਾਪਤ ਕਰ ਸਕਦੇ ਹੋ

1 ਜੁਲਾਈ 2023 ਤੋਂ ਪਹਿਲਾਂ ਜਾਂ ਇਸ ਤੋਂ ਬਾਅਦ ਪੈਦਾ ਹੋਏ ਜਾਂ ਗੋਦ ਲਏ ਗਏ ਕਿਸੇ ਬੱਚੇ ਵਾਸਤੇ, ਤੁਸੀਂ ਕੇਵਲ ਉਹਨਾਂ ਦਿਨਾਂ ਨੂੰ ਹੀ Parental Leave Pay ਪ੍ਰਾਪਤ ਕਰ ਸਕਦੇ ਹੋ ਜਿੰਨ੍ਹਾਂ ਦਿਨਾਂ ਵਿੱਚ ਤੁਸੀਂ:

- ਉਸ ਬੱਚੇ ਦੀ ਦੇਖਭਾਲ ਕਰ ਰਹੇ ਹੋ
- ਤੁਸੀਂ ਛੁੱਟੀ 'ਤੇ ਹੋ ਜਾਂ ਕੰਮ ਨਹੀਂ ਕਰ ਰਹੇ ਹੋ
- ਨਿਵਾਸ ਦੇ ਨਿਯਮਾਂ ਦੀ ਪੂਰਤੀ ਕਰਦੇ ਹੋ।

ਜੇ ਤੁਹਾਡਾ ਬੱਚਾ ਮਰਿਆ ਹੋਇਆ ਪੈਦਾ ਹੋਇਆ ਸੀ ਜਾਂ ਮਰ ਗਿਆ ਹੈ ਤਾਂ ਤੁਸੀਂ ਅਜੇ ਵੀ Parental Leave Pay ਪ੍ਰਾਪਤ ਕਰ ਸਕਦੇ ਹੋ।

Parental Leave Pay ਟੈਕਸਯੋਗ ਹੈ। ਅਸੀਂ Parental Leave Pay ਨੂੰ ਵੀ ਆਮਦਨ ਟੈਸਟ ਵਿੱਚ ਗਿਣਦੇ ਹਾਂ ਜੇਕਰ ਤੁਸੀਂ ਕੋਈ ਆਮਦਨ ਸਹਾਇਤਾ ਭੁਗਤਾਨ ਪ੍ਰਾਪਤ ਕਰਦੇ ਹੋ, ਜਿਵੇਂ ਕਿ Parenting Payment। ਇਸ ਦਾ ਮਤਲਬ ਇਹ ਹੈ ਕਿ ਜੇ ਤੁਸੀਂ Parental Leave Pay ਪ੍ਰਾਪਤ ਕਰਦੇ ਹੋ ਤਾਂ ਤੁਹਾਡੀ ਆਮਦਨ ਸਹਾਇਤਾ ਦਾ ਭੁਗਤਾਨ ਘੱਟ ਜਾਂ ਬੰਦ ਹੋ ਸਕਦਾ ਹੈ।

## ਤੁਸੀਂ Parental Leave Pay ਕਿਵੇਂ ਪ੍ਰਾਪਤ ਕਰੋਗੇ

ਤੁਹਾਡੇ ਹਾਲਾਤਾਂ 'ਤੇ ਨਿਰਭਰ ਕਰਨ ਅਨੁਸਾਰ, ਤੁਹਾਡੀ Parental Leave Pay ਜਾਂ ਤਾਂ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਜਾਂ ਸਾਡੇ ਦੁਆਰਾ ਅਦਾ ਕੀਤੀ ਜਾਵੇਗੀ। ਇਹ 1 ਜੁਲਾਈ 2023 ਤੋਂ ਪਹਿਲਾਂ ਜਾਂ ਬਾਅਦ ਵਿੱਚ ਪੈਦਾ ਹੋਏ ਜਾਂ ਗੋਦ ਲਏ ਗਏ ਬੱਚੇ 'ਤੇ ਲਾਗੂ ਹੁੰਦੀ ਹੈ।

ਜੇ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਭੁਗਤਾਨ ਕਰਦਾ ਹੈ, ਤਾਂ ਤੁਸੀਂ ਆਪਣੀ ਤਨਖ਼ਾਹ ਆਪਣੇ ਰਵਾਇਤੀ ਤਨਖ਼ਾਹ ਚੱਕਰ ਵਿੱਚ ਪ੍ਰਾਪਤ ਕਰੋਗੇ। ਅਸੀਂ ਇਸ ਬਾਰੇ ਤੁਹਾਡੇ ਰੁਜ਼ਗਾਰਦਾਤੇ ਨਾਲ ਮਿਲ ਕੇ ਕੰਮ ਕਰਾਂਗੇ।

ਜੇ ਤੁਸੀਂ ਆਪਣੇ ਰੁਜ਼ਗਾਰਦਾਤੇ ਕੋਲੋਂ ਆਪਣੀ Parental Leave Pay ਨਹੀਂ ਲੈਂਦੇ , ਜਾਂ ਜੇ ਤੁਸੀਂ ਸਵੈ-ਰੁਜ਼ਗਾਰੀ ਹੋ, ਤਾਂ ਅਸੀਂ ਤੁਹਾਨੂੰ ਹਰ ਪੰਦਰਵਾੜੇ ਸਿੱਧੇ ਭੁਗਤਾਨ ਕਰਾਂਗੇ।

### Dad and Partner Pay

Dad and Partner Pay ਦੀ ਅਦਾਇਗੀ 2 ਹਫ਼ਤਿਆਂ ਤੱਕ ਹੁੰਦੀ ਹੈ। ਇਹ ਪਿਤਾਵਾਂ ਜਾਂ ਸਾਥੀ/ਸਾਥਣਾਂ ਨੂੰ ਆਪਣੇ ਨਵੇਂ ਬੱਚੇ ਦੀ ਦੇਖਭਾਲ ਕਰਨ ਲਈ ਕੰਮ ਤੋਂ ਛੁੱਟੀ ਲੈਣ ਵਿੱਚ ਮਦਦ ਕਰਦੀ ਹੈ। ਤੁਸੀਂ ਇਹ ਪ੍ਰਾਪਤ ਕਰ ਸਕਦੇ ਹੋ ਜੇ ਤੁਹਾਡਾ ਬੱਚਾ 1 ਜੁਲਾਈ 2023 ਤੋਂ ਪਹਿਲਾਂ ਪੈਦਾ ਹੋਇਆ ਸੀ ਜਾਂ ਗੋਦ ਲਿਆ ਗਿਆ ਸੀ। ਜੇ ਤੁਹਾਡਾ ਬੱਚਾ ਇਸ ਤਰੀਕ ਤੋਂ ਬਾਅਦ ਪੈਦਾ ਹੋਇਆ ਸੀ ਜਾਂ ਗੋਦ ਲਿਆ ਗਿਆ ਸੀ, ਤਾਂ ਹੋ ਸਕਦਾ ਹੈ ਤੁਸੀਂ ਇਸ ਦੀ ਬਜਾਏ Parental Leave Pay ਪ੍ਰਾਪਤ ਕਰਨ ਦੇ ਯੋਗ ਹੋਵੋ।

ਅਸੀਂ ਤੁਹਾਡੀ Dad and Partner Pay ਦਾ ਸਿੱਧੇ ਇੱਕੋ ਭੁਗਤਾਨ ਵਿੱਚ ਤੁਹਾਡੇ ਬੈਂਕ ਖਾਤੇ ਵਿੱਚ ਭੁਗਤਾਨ ਕਰਾਂਗੇ।
Dad and Partner Pay ਟੈਕਸਯੋਗ ਹੈ।

ਜਿਸ ਤਰੀਕ ਨੂੰ ਤੁਹਾਡੇ ਬੱਚੇ ਦਾ ਜਨਮ ਹੋਇਆ ਸੀ ਜਾਂ ਉਸ ਨੂੰ ਗੋਦ ਲਿਆ ਗਿਆ ਸੀ, ਉਸ ਤਰੀਕ ਦੇ 52 ਹਫ਼ਤਿਆਂ ਦੇ ਅੰਦਰ ਤੁਸੀਂ ਕਿਸੇ ਵੀ ਸਮੇਂ Dad and Partner Pay ਪ੍ਰਾਪਤ ਕਰ ਸਕਦੇ ਹੋ।

## Dad and Partner Pay ਕੌਣ ਪ੍ਰਾਪਤ ਕਰ ਸਕਦਾ ਹੈ

ਤੁਸੀਂ Dad and Partner Pay ਪ੍ਰਾਪਤ ਕਰ ਸਕਦੇ ਹੋ ਜੇ ਤੁਹਾਡਾ ਬੱਚਾ 1 ਜੁਲਾਈ 2023 ਤੋਂ ਪਹਿਲਾਂ ਪੈਦਾ ਹੋਇਆ ਸੀ ਜਾਂ ਉਸਨੂੰ ਗੋਦ ਲਿਆ ਗਿਆ ਸੀ ਅਤੇ ਤੁਸੀਂ ਜਾਂ ਤਾਂ:

- ਬੱਚੇ ਦੇ ਜੈਵਿਕ ਪਿਤਾ ਹੋ
- ਜਨਮ ਦੇਣ ਵਾਲੀ ਮਾਂ ਦਾ ਸਾਥੀ/ਸਾਥਣ ਹੋ
- ਗੋਦ ਲੈਣ ਵਾਲੇ ਮਾਪਾ ਜਾਂ ਗੋਦ ਲੈਣ ਵਾਲਾ ਮਾਪੇ ਦੇ ਸਾਥੀ/ਸਾਥਣ ਹੋ
- ਦੂਸਰੇ ਦੀ ਕੁੱਖ (ਸਰੋਗੇਸੀ) ਵਾਲੇ ਇਕਰਾਰਨਾਮੇ ਤੋਂ ਪੈਦਾ ਹੋਏ ਬੱਚੇ ਦੀ ਦੇਖਭਾਲ ਕਰਨ ਵਾਲਾ ਵਿਅਕਤੀ।

ਤੁਹਾਨੂੰ ਹੇਠ ਲਿਖੀਆਂ ਸਾਰੀਆਂ ਚੀਜ਼ਾਂ ਦੀ ਪੂਰਤੀ ਕਰਨ ਦੀ ਵੀ ਲੋੜ ਹੈ:

- ਕਿਸੇ ਨਵਜੰਮੇ ਜਾਂ ਨਵੇਂ ਗੋਦ ਲਏ ਬੱਚੇ ਵਾਸਤੇ ਸੰਭਾਲ ਪ੍ਰਦਾਨ ਕਰਦੇ ਹੋ
- ਆਮਦਨ ਟੈਸਟ ਨੂੰ ਪੂਰਾ ਕਰਦੇ ਹੋ
- ਤੁਹਾਡੀ Dad and Partner Pay ਦੀ ਮਿਆਦ ਦੌਰਾਨ ਕੰਮ ਨਹੀਂ ਕਰ ਰਹੇ ਹੋ ਜਾਂ ਤਨਖਾਹ ਸਮੇਤ ਛੁੱਟੀ ਨਹੀਂ ਲੈ ਰਹੇ, ਸਿਵਾਏ ਇਸ ਦੇ ਕਿ ਜੇ ਤੁਸੀਂ ਕਿਸੇ ਇਜਾਜ਼ਤਯੋਗ ਕਾਰਨ ਕਰਕੇ ਕੰਮ ਕਰ ਰਹੇ ਹੋ
- ਕੰਮ ਦੇ ਟੈਸਟ ਨੂੰ ਪੂਰਾ ਕਰਦੇ ਹੋ
- ਨਿਵਾਸ ਦੇ ਨਿਯਮਾਂ ਦੀ ਪੂਰਤੀ ਕਰਦੇ ਹੋ।

ਤੁਸੀਂ ਫਿਰ ਵੀ Dad and Partner Pay ਪ੍ਰਾਪਤ ਕਰ ਸਕਦੇ ਹੋ ਜੇ ਤੁਹਾਡਾ ਬੱਚਾ ਮਰਿਆ ਪੈਦਾ ਹੋਇਆ ਸੀ ਜਾਂ ਉਸ ਦੀ ਮੌਤ ਹੋ ਗਈ ਹੈ

# Parental Leave Pay ਅਤੇ Dad and Partner Pay ਵਾਸਤੇ ਕੰਮ ਦਾ ਟੈਸਟ

Parental Leave Pay ਜਾਂ Dad and Partner Pay ਪ੍ਰਾਪਤ ਕਰਨ ਲਈ, ਤੁਹਾਨੂੰ ਕੰਮ ਦੇ ਟੈਸਟ ਨੂੰ ਪੂਰਾ ਕਰਨ ਦੀ ਲੋੜ ਹੈ। ਇਹ 1 ਜੁਲਾਈ 2023 ਤੋਂ ਪਹਿਲਾਂ ਜਾਂ ਬਾਅਦ ਵਿੱਚ ਪੈਦਾ ਹੋਏ ਜਾਂ ਗੋਦ ਲਏ ਗਏ ਬੱਚੇ 'ਤੇ ਲਾਗੂ ਹੁੰਦੀ ਹੈ।

ਤੁਸੀਂ ਲਾਜ਼ਮੀ ਤੌਰ 'ਤੇ ਘੱਟੋ ਘੱਟ 330 ਘੰਟਿਆਂ ਵਾਸਤੇ ਕੰਮ ਕੀਤਾ ਹੋਣਾ ਚਾਹੀਦਾ ਹੈ, ਜੋ ਕਿ 13 ਮਹੀਨਿਆਂ ਵਿੱਚੋਂ 10 ਮਹੀਨਿਆਂ ਵਿੱਚ, ਹਫ਼ਤੇ ਵਿੱਚ ਲਗਭਗ 1 ਦਿਨ ਹੁੰਦਾ ਹੈ:

- Parental Leave Pay ਵਾਸਤੇ ਤੁਹਾਡੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਤੋਂ ਪਹਿਲਾਂ
- ਉਸ ਤਰੀਕ ਤੋਂ ਪਹਿਲਾਂ ਜਦੋਂ ਤੁਹਾਡੀ Dad and Partner Pay ਦੀ ਮਿਆਦ ਸ਼ੁਰੂ ਹੁੰਦੀ ਹੈ।

ਅਸੀਂ 10 ਮਹੀਨਿਆਂ ਨੂੰ 295 ਦਿਨਾਂ ਅਤੇ 13 ਮਹੀਨਿਆਂ ਨੂੰ 392 ਦਿਨਾਂ ਵਜੋਂ ਗਿਣਦੇ ਹਾਂ।

ਹਰੇਕ ਕੰਮਕਾਜ਼ੀ ਦਿਨ ਵਿਚਕਾਰ ਤੁਹਾਡਾ 12 ਹਫ਼ਤਿਆਂ ਤੋਂ ਵਧੇਰੇ ਦਾ ਫ਼ਰਕ ਨਹੀਂ ਹੋ ਸਕਦਾ।

ਕੰਮ ਦੇ ਟੈਸਟ ਵਾਸਤੇ ਕੁਝ ਛੋਟਾਂ ਹਨ:

- ਸਮੇਂ ਤੋਂ ਪਹਿਲਾਂ ਜਨਮ

- ਗਰਭ-ਅਵਸਥਾ ਨਾਲ ਸਬੰਧਿਤ ਬਿਮਾਰੀ ਅਤੇ ਉਲਝਣਾਂ (ਜਨਮ ਦੇਣ ਵਾਲੀਆਂ ਮਾਵਾਂ ਜੋ ਕੇਵਲ Parental Leave Pay ਦਾ ਦਾਅਵਾ ਕਰਦੀਆਂ ਹਨ)
- Dangerous Job ਸੁਵਿਧਾ (ਜਨਮ ਦੇਣ ਵਾਲੀਆਂ ਮਾਵਾਂ ਜੋ ਕੇਵਲ Parental Leave Pay ਦਾ ਦਾਅਵਾ ਕਰਦੀਆਂ ਹਨ)।

Dangerous Jobs ਦੀ ਵਿਵਸਥਾ ਲਾਗੂ ਹੋਵੇਗੀ ਜੇ ਤੁਹਾਨੂੰ ਕੰਮ ਬੰਦ ਕਰਨਾ ਪਿਆ ਕਿਉਂਕਿ ਤੁਹਾਡੀ ਗਰਭ-ਅਵਸਥਾ ਨੂੰ ਖ਼ਤਰਾ ਸੀ। Parental Leave Pay ਪ੍ਰਾਪਤ ਕਰਨ ਲਈ ਤੁਹਾਨੂੰ ਅਜੇ ਵੀ ਕੰਮ ਵਾਲੇ ਟੈਸਟ ਨੂੰ ਪੂਰਾ ਕਰਨ ਦੀ ਲੋੜ ਪਵੇਗੀ।

## Parental Leave Pay ਜਾਂ Dad and Partner Pay ਤਨਖ਼ਾਹ ਦਾ ਦਾਅਵਾ ਕਿਵੇਂ ਕਰਨਾ ਹੈ

1. Customer Reference Number (CRN) ਪ੍ਰਾਪਤ ਕਰੋ।

CRN ਪ੍ਰਾਪਤ ਕਰਨ ਲਈ ਤੁਹਾਨੂੰ ਆਪਣੀ ਪਛਾਣ ਸਾਬਤ ਕਰਨ ਦੀ ਜ਼ਰੂਰਤ ਹੋਏਗੀ। ਤੁਸੀਂ ਅਜਿਹਾ ਜਾਂ ਤਾਂ ਔਨਲਾਈਨ ਜਾਂ ਫ਼ੋਨ 'ਤੇ ਕਰ ਸਕਦੇ ਹੋ। ਜੇ ਤੁਹਾਡੇ ਕੋਲ ਪਹਿਲਾਂ ਹੀ CRN ਹੈ, ਤਾਂ ਇਸ ਨੂੰ ਆਪਣੇ Centerlink ਔਨਲਾਈਨ ਖਾਤੇ ਨੂੰ ਆਪਣੇ myGov ਖਾਤੇ ਨਾਲ ਜੋੜਨ ਲਈ ਵਰਤੋ।

2. myGov ਰਾਹੀਂ ਆਪਣੇ Centerlink ਔਨਲਾਈਨ ਖਾਤੇ ਦੀ ਵਰਤੋਂ ਕਰਕੇ ਆਪਣਾ ਦਾਅਵਾ ਦਰਜ ਕਰਵਾਓ।

ਤੁਸੀਂ ਆਪਣੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੀ ਉਮੀਦ ਕੀਤੇ ਜਾਣ ਤੋਂ 3 ਮਹੀਨੇ ਪਹਿਲਾਂ ਤੱਕ ਅਜਿਹਾ ਕਰ ਸਕਦੇ ਹੋ।

myGov ਬਾਰੇ ਅੰਗਰੇਜ਼ੀ ਵਿੱਚ ਹੋਰ ਜਾਣਕਾਰੀ ਲਈ, **my.gov.au** 'ਤੇ ਜਾਓ

3. ਸਾਨੂੰ ਉਸ ਤਰੀਕ ਦਾ ਸਬੂਤ ਦਿਓ ਜਿਸ ਦਿਨ ਤੁਹਾਡੇ ਬੱਚੇ ਦਾ ਜਨਮ ਹੋਇਆ ਸੀ ਜਾਂ ਉਸ ਨੂੰ ਗੋਦ ਲਿਆ ਗਿਆ ਸੀ।

ਤੁਹਾਡੇ ਬੱਚੇ ਦੇ ਜਨਮ ਦੇ ਬਾਅਦ ਤੁਸੀਂ ਆਪਣੇ ਹਸਪਤਾਲ ਜਾਂ ਦਾਈ ਕੋਲੋਂ Newborn Child Declaration ਫਾਰਮ ਪ੍ਰਾਪਤ ਕਰੋਗੇ। ਤੁਸੀਂ ਇਸ ਫਾਰਮ ਨੂੰ ਔਨਲਾਈਨ ਅੱਪਲੋਡ ਕਰ ਸਕਦੇ ਹੋ।

ਤੁਹਾਨੂੰ ਆਪਣੇ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਵਿੱਚ Births, Deaths and Marriages Registry ਕੋਲ ਜਨਮ ਨੂੰ ਪੰਜੀਕਿਰਤ ਕਰਨ ਦੀ ਵੀ ਲੋੜ ਪਵੇਗੀ।

## ਹੋਰ ਹੱਕ

ਜੇਕਰ ਤੁਸੀਂ Parental Leave Pay ਪ੍ਰਾਪਤ ਨਹੀਂ ਕਰ ਸਕਦੇ ਹੋ, ਤਾਂ ਤੁਸੀਂ Newborn Upfront Payment ਅਤੇ Newborn Supplement ਪ੍ਰਾਪਤ ਕਰ ਸਕਦੇ ਹੋ। ਤੁਸੀਂ ਇਹ ਭੁਗਤਾਨ ਪ੍ਰਾਪਤ ਕਰ ਸਕਦੇ ਹੋ ਜੇ ਤੁਸੀਂ Family Tax Benefit Part A ਪ੍ਰਾਪਤ ਕਰ ਰਹੇ ਹੋ। ਅੰਗਰੇਜ਼ੀ ਵਿੱਚ ਹੋਰ ਜਾਣਕਾਰੀ ਲਈ, **servicesaustralia.gov.au/newbornsupplement** 'ਤੇ ਜਾਓ।

ਜੇ ਤੁਸੀਂ Parental Leave Pay ਪ੍ਰਾਪਤ ਨਹੀਂ ਕਰ ਸਕਦੇ ਅਤੇ ਤੁਹਾਡਾ ਬੱਚਾ ਮਰਿਆ ਹੋਇਆ ਜੰਮਿਆ ਹੈ, ਤਾਂ ਤੁਸੀਂ ਸਟਿੱਲਬੋਰਨ ਬੇਬੀ ਪੇਮੈਂਟ ਪ੍ਰਾਪਤ ਕਰ ਸਕਦੇ ਹੋ। ਅੰਗਰੇਜ਼ੀ ਵਿੱਚ ਹੋਰ ਜਾਣਕਾਰੀ ਲਈ, **servicesaustralia.gov.au/stillbornpayment** 'ਤੇ ਜਾਓ।

Parental Leave Pay ਅਤੇ Dad and Partner Pay ਤੁਹਾਡੀ ਕੰਮ ਦੀ ਜਗ੍ਹਾ ਵਿੱਚਲੀ ਛੁੱਟੀ ਦੀਆਂ ਹੱਕਦਾਰੀਆਂ ਵਿੱਚੋਂ ਕਿਸੇ ਨੂੰ ਵੀ ਨਹੀਂ ਬਦਲੇਗੀ।

ਛੁੱਟੀ ਦਾ ਬੰਦੋਬਸਤ ਕਰਨ ਲਈ, ਤੁਹਾਨੂੰ ਆਪਣੇ ਰੁਜ਼ਗਾਰਦਾਤੇ ਦੇ ਨਾਲ ਗੱਲ ਕਰਨ ਦੀ ਲੋੜ ਪਵੇਗੀ। ਛੁੱਟੀ ਲੈਣ ਦੇ ਇਰਾਦੇ ਤੋਂ ਘੱਟੋ ਘੱਟ 10 ਹਫ਼ਤੇ ਪਹਿਲਾਂ ਤੁਹਾਨੂੰ ਅਜਿਹਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹੋ ਸਕਦਾ ਹੈ ਤੁਸੀਂ ਆਪਣੇ ਰੁਜ਼ਗਾਰਦਾਤੇ ਕੋਲੋਂ ਬਿਨਾਂ ਤਨਖ਼ਾਹ ਵਾਲੀ ਮਾਪਿਆਂ ਦੀ ਛੁੱਟੀ ਪ੍ਰਾਪਤ ਕਰਨ ਦੇ ਯੋਗ ਹੋਵੋ। ਇਹ ਉਦੋਂ ਹੁੰਦਾ ਹੈ ਜੇ ਤੁਸੀਂ ਆਪਣੇ ਮਾਲਕ ਲਈ 12 ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਲਗਾਤਾਰ ਕੰਮ ਕੀਤਾ ਹੈ।

ਆਪਣੀ ਕੰਮ ਦੀ ਜਗ੍ਹਾ ਵਿੱਚ ਛੁੱਟੀ ਦੀਆਂ ਹੱਕਦਾਰੀਆਂ ਬਾਰੇ ਅੰਗਰੇਜ਼ੀ ਵਿੱਚ ਵਧੇਰੇ ਜਾਣਨ ਲਈ:

- **fairwork.gov.au** 'ਤੇ ਜਾਓ
- **131 394** 'ਤੇ Fair Work Ombudsman ਨੂੰ ਫ਼ੋਨ ਕਰੋ
- **supportingworkingparents.humanrights.gov.au** 'ਤੇ ਜਾਓ

## ਵਧੇਰੇ ਜਾਣਕਾਰੀ ਲਈ

- ਅੰਗਰੇਜ਼ੀ ਵਿੱਚ ਹੋਰ ਜਾਣਕਾਰੀ ਲਈ **servicesaustralia.gov.au/parentalleavepay** ਜਾਂ **servicesaustralia.gov.au/dadandpartnerpay** 'ਤੇ ਜਾਓ।
- **servicesaustralia.gov.au/yourlanguage** ਉੱਤੇ ਜਾਓ ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਵੀਡੀਓ ਦੇਖ ਸਕਦੇ ਹੋ।
- Centrelink ਦੇ ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** ਨੂੰ ਫ਼ੋਨ ਕਰੋ
- Medicare ਵਾਸਤੇ **132 011** ਅਤੇ Child Support ਵਾਸਤੇ **131 272** ਨੂੰ ਫ਼ੋਨ ਕਰੋ। ਸਾਨੂੰ ਦੱਸੋ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਅਤੇ ਅਸੀਂ ਇਸ ਦਾ ਮੁਫ਼ਤ ਵਿੱਚ ਪ੍ਰਬੰਧ ਕਰਾਂਗੇ।
- ਸੇਵਾ ਕੇਂਦਰ ਵਿਖੇ ਜਾਓ।

ਨੋਟ: ਤੁਹਾਡੇ ਘਰ ਵਾਲੇ ਫ਼ੋਨ ਤੋਂ ਆਸਟ੍ਰੇਲੀਆ ਵਿੱਚ ਕਿਤੇ ਵੀ '13' ਨੰਬਰਾਂ ਤੱਕ ਕੀਤੀਆਂ ਕਾਲਾਂ ਵਾਸਤੇ ਇਕ ਨਿਸ਼ਚਿਤ ਦਰ ਉੱਤੇ ਲਾਗਤ ਲਈ ਜਾਂਦੀ ਹੈ। ਇਹ ਦਰ ਕਿਸੇ ਸਥਾਨਕ ਕਾਲ ਦੀ ਕੀਮਤ ਨਾਲੋਂ ਵੱਖਰੀ ਹੋ ਸਕਦੀ ਹੈ ਅਤੇ ਟੈਲੀਫ਼ੋਨ ਸੇਵਾ ਪ੍ਰਦਾਤਿਆਂ ਦੇ ਵਿਚਕਾਰ ਵੀ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫ਼ੋਨ ਤੋਂ '1800' ਨੰਬਰਾਂ ਨੂੰ ਕੀਤੀਆਂ ਕਾਲਾਂ ਮੁਫ਼ਤ ਹਨ। ਜਨਤਕ ਅਤੇ ਮੋਬਾਈਲ ਫੋਨਾਂ ਤੋਂ ਕੀਤੀਆਂ ਕਾਲਾਂ ਦਾ ਸਮਾਂ ਮਾਪਿਆ ਜਾ ਸਕਦਾ ਹੈ ਅਤੇ ਉੱਚੀ ਦਰ 'ਤੇ ਫ਼ੀਸ ਲਈ ਜਾ ਸਕਦੀ ਹੈ।

## ਬੇਦਾਅਵਾ

ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਵਾਸਤੇ ਇਕ ਗਾਈਡ ਵਜੋਂ ਹੈ। ਕੀ ਤੁਸੀਂ ਕਿਸੇ ਭੁਗਤਾਨ ਵਾਸਤੇ ਅਰਜ਼ੀ ਦੇਣ ਦੀ ਇੱਛਾ ਕਰਦੇ ਹੋ ਜਾਂ ਨਹੀਂ ਅਤੇ ਤੁਹਾਡੇ ਵਿਸ਼ੇਸ਼ ਹਾਲਾਤਾਂ ਦੇ ਸਬੰਧ ਵਿੱਚ ਕੋਈ ਅਰਜ਼ੀ ਦੇਣਾ, ਇਹ ਫੈਸਲਾ ਕਰਨਾ ਤੁਹਾਡੀ ਜਿੰਮੇਵਾਰੀ ਹੈ।

# Support for parents to care for a newborn or recently adopted child

We can help if you are a parent taking time off work to care for a newborn or recently adopted child.

## What you can get

The date your child was born or adopted affects what payments you can get. If they were born or adopted before 1 July 2023, your family may get both:

- Parental Leave Pay for up to 90 days, or 18 weeks based on a 5 day work week
- Dad and Partner Pay for up to 10 days, or 2 weeks.

If your child is born or adopted from 1 July 2023, your family may get up to 100 days, or 20 weeks of Parental Leave Pay. Dad and Partner Pay is not paid for children born or adopted from 1 July 2023.

Parental Leave Pay and Dad and Partner pay are paid at the rate of the national minimum wage.

## Parental Leave Pay if your child was born or adopted before 1 July 2023

Parental Leave Pay includes both:

- a continuous Paid Parental Leave period of up to 12 weeks which is 60 payable days
- 30 Flexible Paid Parental Leave days.

Flexible Paid Parental Leave days can be used in different ways. If eligible, you can:

- add them to your Paid Parental Leave period
- use them at a later time that suits you
- give them to a second carer such as your partner, to use on days that they have care of the child.

If you choose to use your days later, you can use them before, after or while you are on paid or unpaid leave from your employer. You can use Flexible Paid Parental Leave days for either one day at a time or a number of days in a row.

Your Paid Parental Leave period can be paid within 1 year of your child’s birth or adoption. To get all of your Paid Parental Leave period, you must claim within 40 weeks of your child’s birth or adoption. Flexible Paid Parental Leave can be paid within 2 years of your child’s birth or adoption.

### Who can get Parental Leave Pay for children born or adopted before 1 July 2023

You may get Parental Leave Pay if you:

- are the primary carer of a newborn or newly adopted child
- meet an income test
- meet a work test
- meet residence rules.

If you don't meet the work test, in some special circumstances we may approve a different work test.

If you have a newborn, you must have registered or applied to register their birth with your state or territory birth registry.

You must be on leave or not working from the date your child was born or adopted until the end of your Paid Parental Leave period. In some cases you may still get Parental Leave Pay even if you return to work or are working. This is only allowed for some reasons.

If you and your employer agree, you can keep in touch with your workplace without losing your Parental Leave Pay. This can be for things like attending a meeting or updating your skills. You can access up to 10 keeping in touch days. Go to **servicesaustralia.gov.au/parentalleavepay** for more information about keeping in touch days in English.

If you are self-employed, you can do occasional tasks to check on your business to ensure it stays operational. You can do this without losing your entitlement to Parental Leave Pay. For example, you could do any of the following:

- pay an account
- check on the delivery of an order
- approve the business accounts
- deal with ad hoc disputes
- organise a repair
- organise replacement staff to manage your absence
- maintain a basic level of contact with clients
- keep your professional skills up to date.

## Parental Leave Pay if your child was born or adopted from 1 July 2023

Your family can get up to 100 days of Parental Leave Pay. This is the same as 20 weeks based on a 5 day work week. If you have a partner, part of Parental Leave Pay can be used by them. The most one parent in a couple can use is 90 days. This is even if the other parent is not eligible to get Parental Leave Pay.

If you are a single parent, you can get the full 100 days of Parental Leave Pay. If you choose, you can share Parental Leave Pay with another parent.

### Who can get Parental Leave Pay for children born or adopted from 1 July 2023

To get Parental Leave Pay, you must be caring for your newborn or adopted child and be one of the following:

- the birth mother of the newborn child
- the partner of the birth mother
- the biological father of the child
- the partner of the biological father of the child
- the adoptive parent of the child
- the partner of an adoptive parent

- a person caring for a child under exceptional circumstances, including caring for a child born of a surrogacy arrangement.

You also need to meet all of the following:

- an income test
- a work test
- residence rules.

If you don’t meet the work test, in some special circumstances we may approve a different work test.

If you have a newborn, you must have registered or applied to register their birth with your state or territory birth registry.

You can get your Parental Leave Pay as any of the following:

- a single block of days
- multiple smaller blocks of days
- single days
- a combination of smaller blocks and single days.

To get Parental Leave Pay, at least one parent needs to claim within 52 weeks of the date the child was born or adopted. The other parent has 2 years to claim. When you claim you will need to tell us when you want to get at least one day of Parental Leave Pay. If you are not sure when you want to take the rest, you can leave it in your balance. You can then share it with another parent or use it later. You must use all of your Parental Leave Pay within 2 years of the date your child was born or adopted.

## Rules if you are not the birth mother or first adoptive parent to claim

The birth mother or the adoptive parent who claimed first needs to approve the number of Parental Leave Pay days they share with you. This does not apply if you are caring for a child under exceptional circumstances.

Both you and the birth mother need to meet the work test. This does not apply if you are the adoptive parent of the child or if you are caring for the child under exceptional circumstances.

## When you can get Parental Leave Pay

For a child born or adopted before or after 1 July 2023, you can only get Parental Leave Pay on days that you:

- are caring for that child
- are on leave or not working
- meet residence rules.

You can still get Parental Leave Pay if your child was stillborn or has died.

Parental Leave Pay is taxable. We also count Parental Leave Pay in the income test if you get an income support payment, such as Parenting Payment. This means if you get Parental Leave Pay your income support payment may reduce or stop.

## How you will get Parental Leave Pay

Your Parental Leave Pay will be paid by either your employer or us, depending on your circumstances. This applies for a child born or adopted before or after 1 July 2023.

If your employer pays you, you will get your pay in your usual pay cycle. We will work this out with your employer.

If you do not get your Parental Leave Pay from your employer, or if you are self-employed, we will pay you directly every fortnight.

## Dad and Partner Pay

Dad and Partner Pay is a payment for up to 2 weeks. It helps fathers or partners take time off work to care for their new child. You may get it if your child was born or adopted before 1 July 2023. If your child was born or adopted after this date, you may be able to get Parental Leave Pay instead.

We will pay your Dad and Partner Pay directly into your bank account in one payment. Dad and Partner Pay is taxable.

You can get Dad and Partner Pay any time within 52 weeks of the date your child was born or adopted.

### Who can get Dad and Partner Pay

You may get Dad and Partner Pay if your child was born or adopted before 1 July 2023 and you are either the:

- biological father of the child
- partner of the birth mother
- adoptive parent or partner of an adoptive parent
- person caring for a child born of a surrogacy agreement.

You also need to meet all of the following:

- provide care for a newborn or newly adopted child
- meet an income test
- not be working or taking paid leave during your Dad and Partner Pay period, except if you are working for an allowable reason
- meet the work test
- meet residence rules.

You can still get Dad and Partner Pay if your child was stillborn or has died

## Work test for Parental Leave Pay and Dad and Partner Pay

To get Parental Leave Pay or Dad and Partner Pay, you need to meet the work test. This applies for a child born or adopted before or after 1 July 2023.

You must have worked for at least 330 hours, which is around 1 day a week, in 10 of the 13 months either:

- before the birth or adoption of your child, for Parental Leave Pay
- before the date your Dad and Partner Pay period starts.

We count 10 months as 295 days and 13 months as 392 days.

You cannot have more than a 12 week gap between each work day.

There are some exceptions to the work test:

- premature birth
- pregnancy related illness and complications (birth mothers claiming Parental Leave Pay only)
- Dangerous Job provision (birth mothers claiming Parental Leave Pay only).

The Dangerous Jobs provision will apply if you had to stop work because there was a risk to your pregnancy. You will still need to meet the work test to get Parental Leave Pay.

## How to claim Parental Leave Pay or Dad and Partner Pay

1. Get a Customer Reference Number (CRN).

You will need to prove your identity to get a CRN. You can do this either online or over the phone. If you already have a CRN, use it to link your Centrelink online account to your myGov account.

2. Lodge your claim by using your Centrelink online account through myGov.

You can do this up to 3 months before your child is expected to be born or adopted.

For more information in English about myGov, go to **my.gov.au**

3. Give us proof of the date your child was born or adopted.

After the birth of your child you will get a Newborn Child Declaration form from your hospital or midwife. You can upload this form online.

You will also need to register the birth with the Births, Deaths and Marriages Registry in your state or territory.

## Other entitlements

If you cannot get Parental Leave Pay, you may get Newborn Upfront Payment and Newborn Supplement. You may get these payments if you are getting Family Tax Benefit Part A. For more information in English, go to **servicesaustralia.gov.au/newbornsupplement**

If you cannot get Parental Leave Pay and your child is stillborn, you may get Stillborn Baby Payment. For more information in English, go to **servicesaustralia.gov.au/stillbornpayment**

Parental Leave Pay and Dad and Partner Pay will not change any of your workplace leave entitlements.

To arrange leave, you will need to talk to your employer. You should try to do this at least 10 weeks before you intend to take leave.

You may be able to get unpaid parental leave from your employer. This is if you have worked continuously for your employer for 12 months or more.

To learn more about your workplace leave entitlements in English:

- go to **fairwork.gov.au**
- call the Fair Work Ombudsman on **131 394**
- go to **supportingworkingparents.humanrights.gov.au**

## For more information

- Go to **servicesaustralia.gov.au/parentalleavepay** or **servicesaustralia.gov.au/dadandpartnerpay** for more information in English.

- Go to **servicesaustralia.gov.au/yourlanguage** where you can read, listen to or watch videos in your language.
- Call **131 202** to speak with us in your language about Centrelink payments and services.
- Call **132 011** for Medicare and **131 272** for Child Support. Let us know if you need an interpreter, and we will arrange one for free.
- Visit a service centre.

Note: calls from your home phone to ‘13’ numbers from anywhere in Australia are charged at a fixed rate. That rate may vary from the price of a local call and may also vary between telephone service providers. Calls to ‘1800’ numbers from your home phone are free. Calls from public and mobile phones may be timed and charged at a higher rate.

## Disclaimer

The information contained in this publication is intended only as a guide to payments and services. It’s your responsibility to decide if you wish to apply for a payment and to make an application with regard to your particular circumstances.